SERVIZIO SANITARIO REGIONALE
EMILIA-ROMAGNA
Azienda Ospedaliera di Reggio Emilia

Arcispedale S. Maria Nuova

Istituto in tecnologie avanzate e modelli assistenziali in oncologia
Istituto di Ricovero e Cura a Carattere Scientifico

OECI CLINICAL Cancer Centre

Dipartimento Oncologico e Tecnologie Avanzate
Gastroenterologia - Endoscopia Digestiva

Dott. Romano Sassatelli - Direttore

# PREPARAZIONE ALLA GASTROSCOPIA
# ਗੈਸਟ੍ਰੋਸਕੋਪੀ ਲਈ ਤਿਆਰੀ

ਗਲੇ ਨੂੰ ਪੇਟ ਨਾਲ ਜੋੜਨ ਵਾਲੀ ਨਲੀ, ਪੇਟ ਅਤੇ ਛੋਟੀ ਅੰਤੜੀ ਦੇ ਸ਼ੁਰੂਆਤੀ ਭਾਗ ਦੀ ਜਾਂਚ ਜਾਂ ਗੈਸਟ੍ਰੋਸਕੋਪੀ ਦੀ ਲਈ ਘੱਟੋ-ਘੱਟ 6/8ਘੰਟੇ ਖਾਣ-ਪੀਣ ਤੋਂ ਪਰਹੇਜ਼ ਕਰਨ ਦੀ ਲੋੜ ਹੁੰਦੀ ਹੈ।

ਜੇ ਤੁਹਾਡੀ ਜਾਂਚ ਸਵੇਰੇ ਹੋਣੀ ਹੈ ਤਾਂ ਉਸ ਤੋਂ ਪਹਿਲਾਂ ਦੀ ਸ਼ਾਮ ਨੂੰ ਹਲਕੇ ਭੋਜਨ ਦੇ ਬਾਅਦ ਤੁਹਾਨੂੰ ਕੁਝ ਵੀ ਨਹੀਂ ਖਾਣਾ ਚਾਹੀਦਾ। ਪਰ ਜੇ ਤੁਹਾਡੀ ਜਾਂਚ ਦੁਪਹਿਰ 2:00 ਤੋਂ ਬਾਅਦ ਹੋਣੀ ਹੈ ਤਾਂ ਤੁਸੀਂ ਉਸ ਦਿਨ ਸਵੇਰੇ 8 ਵਜੇ ਤੋਂ ਪਹਿਲਾਂ ਹਲਕਾ ਨਾਸ਼ਤਾ ਕਰ ਸਕਦੇ ਹੋ ਜਿਸ ਵਿਚ ਤੁਸੀਂ ਚਾਹ ਦੇ ਨਾਲ 2 ਬਿਸਕੁਟ ਜਾਂ ਸੁੱਕੀ ਬ੍ਰੈਡ ਦੇ ਦੋ ਸਲਾਇਸ (ਦੁੱਧ ਨਹੀਂ) ਲੈ ਸਕਦੇ ਹੋ।

ਜੇ ਤੁਸੀਂ ਡਾਇਬਟੀਜ਼ ਦੇ ਮਰੀਜ਼ ਹੋ ਤਾਂ ਤੁਹਾਨੂੰ ਘੱਟੋ-ਘੱਟ 12 ਘੰਟੇ ਲਈ ਕੁਝ ਨਹੀਂ ਖਾਣਾ ਚਾਹੀਦਾ।

ਪਰ ਕਿਸੇ ਵੀ ਹਾਲਤ ਵਿਚ ਤੁਸੀਂ ਥੋੜੀ ਥੋੜੀ ਮਾਤਰਾ ਵਿਚ ਚਾਹ, ਪਾਣੀ ਜਾਂ ਮਿੱਠਾ ਪਾਣੀ ਤੁਹਾਡੀ ਜਾਂਚ ਤੋਂ ਇੱਕ ਘੰਟਾ ਪਹਿਲਾਂ ਤਕ ਲੈ ਸਕਦੇ ਹੋ।

## PER CHI ASSUME FARMACI O E' AFFETTO DA MALATTIE
## ਜੇ ਤੁਸੀਂ ਕੋਈ ਦਵਾਈਆਂ ਲੈ ਰਹੇ ਹੋ ਜਾਂ ਬਿਮਾਰ ਹੋ

ਜ਼ਰੂਰੀ ਹੈ ਕਿ ਜਾਂਚ ਤੋਂ ਪਹਿਲਾਂ ਤੁਸੀਂ ਆਪਣੇ ਪੇਟ ਦੇ ਵਿਸ਼ੇਸ਼ੱਗ ਡਾਕਟਰ ਨੂੰ ਆਪਣੀਆਂ ਪ੍ਰਮੁੱਖ ਬਿਮਾਰੀਆਂ, ਇਲਾਜ ਲਈ ਵਰਤੀਆਂ ਜਾਣ ਵਾਲੀਆਂ ਦਵਾਈਆਂ ਅਤੇ ਆਪਣੀਆਂ ਐਲਰਜੀਆਂ ਬਾਰੇ ਦੱਸੋ।

ਜੇ ਤੁਸੀਂ ਖ਼ੂਨ ਦੇ ਗਤਲੇ ਬਣਨਾ ਰੋਕਣ ਵਾਲੀ ਕੋਈ ਦਵਾਈ (Sintrom, Coumadin, ਕੋਈ ਮੂੰਹ ਰਾਹੀ ਲੈਣ ਵਾਲੀ ਨਵੀਂ ਗਤਲਾ-ਰੋਧਕ ਦਵਾਈ, ਆਦਿ) ਲੈ ਰਹੇ ਹੋ ਤਾਂ ਜ਼ਰੂਰੀ ਹੈ ਕਿ ਜਾਂਚ ਤੋਂ ਤਕਰੀਬਨ ਦਸ ਦਿਨ ਪਹਿਲਾਂ ਤੁਸੀਂ ਆਪਣੇ ਜੀਪੀ ਜਾਂ ਖ਼ੂਨ ਦਾ ਵਹਾਉ ਰੋਕਣ ਸਬੰਧਤ ਕੇਂਦਰ ਨਾਲ ਸੰਪਰਕ ਕਰੋ ਤਾਂ ਜੋ ਤੁਹਾਡੇ ਪੇਟ ਦੀ ਜਾਂਚ ਵਾਲੇ ਦਿਨ ਤੁਹਾਡਾ INR 2 ਤੋਂ ਹੇਠਾਂ ਹੋਵੇ (ਤੁਹਾਡੀ ਖ਼ੁਰਾਕ ਜਾਂਚ ਤੋਂ ਪਹਿਲੇ ਵਾਲੇ ਦਿਨ ਜਾਂ ਜਾਂਚ ਵਾਲੇ ਦਿਨ ਲਿੱਤੀ ਜਾਣੀ ਚਾਹੀਦੀ ਹੈ)।

ਜੇ ਤੁਸੀਂ ਪਲੈਟਿਲੈਟ ਰੋਧਕ ਕੋਈ ਇੱਕ ਦਵਾਈ (ਐਸਪਿਰੀਨ ਦੀ ਹਲਕੀ ਖ਼ੁਰਾਕ, Ascriptin, Cardirene, Tiklid, Plavix, ਆਦਿ) ਲੈ ਰਹੇ ਹੋ ਤਾਂ ਤੁਸੀਂ ਇਲਾਜ ਜਾਰੀ ਰੱਖ ਸਕਦੇ ਹੋ ਪਰ ਜਾਂਚ ਵਾਲੇ ਦਿਨ ਸਵੇਰੇ ਉਹ ਦਵਾਈ ਨਾ ਲਉ; ਪਰ ਜੇ ਤੁਸੀਂ ਕਈ ਪਲੈਟਿਲੈਟ ਰੋਧਕ ਦਵਾਈਆਂ (ਜਿਵੇਂ aspirin + Clopidogrel, ਆਦਿ) ਇੱਕ ਸਮੇਂ ਤੇ ਲੈ ਰਹੇ ਹੋ ਤਾਂ ਤੁਸੀਂ ਆਪਣੇ ਜੀਪੀ ਜਾਂ ਦਿਲ ਦੇ ਵਿਸ਼ੇਸ਼ੱਗ ਡਾਕਟਰ ਕੋਲੋਂ ਦੋਨਾਂ ਵਿਚੋਂ ਇੱਕ ਦਵਾਈ ਵਕਤੀ ਤੌਰ ਤੇ ਰੋਕਣ ਦੀ ਸੰਭਾਵਨਾ ਬਾਰੇ ਗੱਲ ਕਰੋ।

ਜਾਂਚ ਵਾਲੇ ਦਿਨ ਤੁਸੀਂ ਆਪਣਾ ਮੌਜੂਦਾ ਇਲਾਜ (ਦਿਲ, ਸਾਹ, ਬਲੱਡ ਪ੍ਰੈਸ਼ਰ, ਖ਼ੂਨ ਦੇ ਵਹਾਉ, ਪਲੈਟਿਲੈਟ ਵਧਣਾ ਰੋਕਣ ਆਦਿ ਲਈ ਦਵਾਈਆਂ) ਜਾਰੀ ਰੱਖ ਸਕਦੇ ਹੋ, ਪਰ ਪੇਟ ਦੀ ਜਾਂਚ ਸ਼ੁਰੂ ਹੋਣ ਤੋਂ ਪਹਿਲਾਂ ਇੱਕ ਘੰਟੇ ਦੌਰਾਨ ਦਵਾਈ ਨਹੀਂ ਲੈਣੀ ਚਾਹੀਦੀ।

ਜੇ ਤੁਹਾਨੂੰ ਲੇਟੈਕਸ ਤੋਂ ਐਲਰਜੀ ਹੈ ਤਾਂ ਕਿਰਪਾ ਕਰਕੇ ਸਕੱਤਰ ਦੇ ਦਫਤਰ ਜਾਂ ਸਰਵਿਸ ਕੋਆਰਡੀਨੇਟਰ ਨਾਲ ਘੱਟੋ-ਘੱਟ ਇੱਕ ਹਫਤਾ ਪਹਿਲਾਂ ਸੰਪਰਕ ਕਰੋ।

ਜੇ ਤੁਹਾਨੂੰ ਕੋਈ ਗੱਲ ਸਮਝ ਨਾ ਆਈ ਹੋਵੇ ਤਾਂ ਤੁਸੀਂ ਜਾਣਕਾਰੀ ਲਈ ਗੈਸਟ੍ਰੋਐਂਟਿਰੋਲਾਜੀ ਜਾਂ ਡਾਇਜੈਸਟਿਵ ਐਂਡੋਸਕੋਪੀ ਸੇਵਾ ਨਾਲ ਸੰਪਰਕ ਕਰੋ।

## RACCOMANDAZIONI GENERALI
## ਆਮ ਸਲਾਹ

ਜਾਂਚ ਤੋਂ ਪਹਿਲਾਂ ਆਪਣੇ ਸਾਰੇ ਉਤਾਰੇ ਜਾ ਸਕਣ ਵਾਲੇ ਨਕਲੀ ਦੰਦ ਉਤਾਰਨਾ ਜ਼ਰੂਰੀ ਹੈ।

ਕਿਰਪਾ ਕਰਕੇ ਅੰਦਰੂਨੀ ਦ੍ਰਿਸ਼ਟੀਗਤ ਜਾਂਚ (ਐਂਡੋਸਕੋਪੀ) ਨਾਲ ਜੁੜੇ ਆਪਣੇ ਪੁਰਾਣੇ ਮੈਡੀਕਲ ਰਿਕਾਰਡ ਨਾਲ ਲੈ ਕੇ ਆਉ।

ਜੇ ਤੁਸੀਂ ਚਾਹੁੰਦੇ ਹੋ ਕਿ ਪੇਟ ਦੀ ਅੰਦਰੂਨੀ ਜਾਂਚ ਲਈ ਤੁਹਾਨੂੰ ਬੇਹੋਸ਼ ਕੀਤਾ ਜਾਏ ਤਾਂ ਕਿਰਪਾ ਕਰਕੇ ਆਪਣੇ ਨਾਲ ਕਿਸੇ ਹੋਰ ਵਿਅਕਤੀ ਨੂੰ ਲੈ ਕੇ ਆਉ ਕਿਉਂਕਿ ਜਾਂਚ ਦੇ ਬਾਅਦ 12 ਘੰਟੇ ਲਈ ਤੁਸੀਂ ਗੱਡੀ ਚਲਾਉਣ ਜਾਂ ਸੜਕ ਤੇ ਇਕੱਲ੍ਹਾ ਚਲਣ ਵਰਗਾ ਕੋਈ ਵੀ ਅਜਿਹਾ ਕੰਮ ਨਹੀਂ ਕਰ ਸਕਦੇ ਜਿਸਦੇ ਲਈ ਸਚੇਤ ਰਹਿਣਾ ਜ਼ਰੂਰੀ ਹੋਵੇ।

Gastroenterologia - Endoscopia Digestiva
Viale Risorgimento, 80 – 42123 Reggio Emilia
T. +39.0522.296423 F. +39.0522-296266
sassatelli.romano@asmn.re.it - www.asmn.re.it

sede legale: Viale Umberto I°, 50 – 42123 Reggio Emilia
T. +39.0522.296111 F. +39.0522.296266
Partita IVA 01614660353